Mail

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ :.6899-6900/ਕਾਲਜ/ਸ.1
ਮਿਤੀ :....29/3/.....2016

1) ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।
2) ਡਾਇਰੈਕਟਰ,ਕਾਂਸਟੀਚਿਊਐਂਟ ਕਾਲਜ(ਕਾਂਸਟੀਚਿਊਐਂਟ ਕਾਲਜਾਂ ਨੂੰ ਸਰਕੂਲੇਟ ਕਰਨ ਹਿੱਤ)।

ਵਿਸ਼ਾ : ਸੈਸ਼ਨ 2016-17 ਦੌਰਾਨ ਗਰਮੀ,ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ।

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ 2016-17 ਦੌਰਾਨ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਵਿਖੇ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦੇ ਸ਼ਡਿਊਲ ਨਿਮਨ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

1. ਆਰਟਸ/ਸਾਇੰਸ/ਕਾਮਰਸ/ਕਾਂਸਟੀਚਿਊਐਂਟ/ਕੰਪੋਜਿਟ/ਮੈਨੇਜਮੈਂਟ/ਟੈਕਨਾਲੋਜੀ/ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ ਅਤੇ ਲਾਅ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕੀਤਾ ਗਿਆ:-

| | | |
|---|---|---|
| 1. | ਗਰਮੀ ਦੀਆਂ ਛੁੱਟੀਆਂ | 30.5.16 ਤੋਂ 29.6.16 ਤੱਕ |
| 2. | ਸਰਦੀ ਦੀਆਂ ਛੁੱਟੀਆਂ | 26.12.16 ਤੋਂ 6.1.17 ਤੱਕ |

ਮੈਨੇਜਮੈਂਟ/ਟੈਕਨਾਲੋਜੀ ਅਤੇ ਲਾਅ ਕੋਰਸਾਂ ਦੇ ਦਾਖਲੇ ਐਂਟਰੈਂਸ ਟੈਸਟ/ਆਨ ਲਾਈਨ ਰਾਹੀਂ ਕੀਤੇ ਜਾਂਦੇ ਹਨ,ਇਸ ਲਈ ਇਨ੍ਹਾਂ ਕੋਰਸਾਂ ਦੇ ਦਾਖਲੇ ਦਾ ਸ਼ਡਿਊਲ ਨਿਰਧਾਰਤ ਨਹੀਂ ਕੀਤਾ ਜਾ ਸਕਦਾ।

2. ਆਰਟਸ/ਸਾਇੰਸ/ਕਾਮਰਸ/ਕਾਂਸਟੀਚਿਊਐਂਟ/ਕੰਪੋਜਿਟ ਕਾਲਜਾਂ ਵਿਖੇ ਦਾਖਲਿਆਂ ਦਾ ਸ਼ਡਿਊਲ ਨਿਮਨ ਲਿਖਤ ਅਨੁਸਾਰ ਹੋਵੇਗਾ:

| | | |
|---|---|---|
| 1. | ਕਾਲਜ ਖੁੱਲਣ ਦੀ ਮਿਤੀ | 30.6.16 |
| 2. | ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | 14.7.2016 ਤੱਕ (ਬਿਨਾਂ ਲੇਟ ਫੀਸ) |
| 3. | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 15.7.16 ਤੋਂ 30.7.16 ਤੱਕ |
| 4. | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 01.8.16 ਤੋਂ 10.8.16 ਤੱਕ |
| 5. | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। | 11.8.16 ਤੋਂ 20.8.16 ਤੱਕ |
| 6. | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। | 22.8.16 ਤੋਂ 31.8.16 ਤੱਕ |

**ਨੋਟ:-** **ਸਬੰਧਤ ਕਾਲਜ ਕੇਵਲ ਯੂਨੀਵਰਸਿਟੀ ਨਿਯਮਾਂ ਅਨੁਸਾਰ ਯੋਗ ਵਿਦਿਆਰਥੀਆਂ ਨੂੰ ਹੀ ਦਾਖਲਾ ਦੇਣ।ਜੇਕਰ ਕਾਲਜ ਕਿਸੇ ਅਯੋਗ ਵਿਦਿਆਰਥੀ ਨੂੰ ਦਾਖਲਾ ਦਿੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।ਅਜਿਹੇ ਕੇਸ ਵਿੱਚ ਯੂਨੀਵਰਸਿਟੀ ਵਲੋਂ ਵਿਦਿਆਰਥੀ ਦਾ ਦਾਖਲਾ ਕਿਸੇ ਵੀ ਸਟੇਜ਼ 'ਤੇ ਰੱਦ ਹੋਣ ਕਾਰਨ ਕਿਸੇ ਤਰ੍ਹਾਂ ਦੇ ਕੋਰਟ ਕੇਸ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਭਰਪਾਈ ਸਬੰਧਤ ਕਾਲਜ ਤੋਂ ਕੀਤੀ ਜਾਵੇਗੀ ਅਤੇ ਯੂਨੀਵਰਸਿਟੀ ਵਲੋਂ ਸਬੰਧਤ ਕਾਲਜ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ।**

3. ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2015-16 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕਿਸੇ ਵੀ ਕੋਰਸ/ਕਲਾਸ ਜੋ ਕਿ ਸਲਾਨਾ ਪ੍ਰਣਾਲੀ ਅਧੀਨ ਆਉਂਦੇ ਹਨ, ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2016-17 ਦੇ ਦਾਖਲਿਆਂ ਦਾ ਸ਼ੈਡਿਊਲ:-

| | |
|---|---|
| 1. ਬਿਨਾਂ ਲੇਟ ਫੀਸ ਦਾਖਲਾ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 2. 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 3. 1000/-ਰੁਪਏ ਲੇਟ ਫੀਸ ਅਤੇ ਡੀਨ,ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 4. 2000/-ਰੁਪਏ ਲੇਟ ਫੀਸ ਅਤੇ ਵਾਈਸ- ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (iii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |

ਸਮੈਸਟਰ ਪ੍ਰਣਾਲੀ ਲਈ 31 ਅਗਸਤ ਅਤੇ ਸਲਾਨਾ ਪ੍ਰਣਾਲੀ ਲਈ 30 ਨਵੰਬਰ ਤੋਂ ਬਾਅਦ ਕਿਸੇ ਵੀ ਕੋਰਸ/ਕਲਾਸ ਵਿੱਚ ਦਾਖਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

**ਨੋਟ:-** **ਲੇਟ ਫੀਸ ਨਾਲ ਕੀਤੇ ਗਏ ਦਾਖਲਿਆਂ ਦੇ ਡਰਾਫਟ ਉਸ ਮਿਤੀ ਦੇ ਹੀ ਹੋਣੇ ਜ਼ਰੂਰੀ ਹਨ, ਜਿਸ ਮਿਤੀ ਨੂੰ ਦਾਖਲਾ ਕੀਤਾ ਗਿਆ ਹੋਵੇ।ਅਜਿਹਾ ਨਾ ਹੋਣ ਦੀ ਸੂਰਤ ਵਿੱਚ ਦੁੱਗਣੀ ਫੀਸ ਵਸੂਲ ਕੀਤੀ ਜਾਵੇਗੀ ਅਤੇ ਇਹ ਡਰਾਫਟ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਨਾਮ ਤੇ ਬਣਾ ਕੇ ਯੂਨੀਵਰਸਿਟੀ ਨੂੰ ਭੇਜਣੇ ਲਾਜ਼ਮੀ ਹੋਣਗੇ।ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ ਕੀਤੇ ਦਾਖਲਿਆਂ ਦੀ ਲੇਟ ਫੀਸ ਸਿੱਧੇ ਤੌਰ ਤੇ ਫੀਸ ਸੈਕਸ਼ਨ ਵਿਖੇ ਜਮ੍ਹਾਂ ਕਰਵਾਈ ਜਾਵੇ।**

**ਸਮੈਸਟਰ ਪ੍ਰਣਾਲੀ ਦੀ ਪੜ੍ਹਾਈ (ਜਿਨ੍ਹਾਂ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਹੈ)**

| For Odd Semester | | For Even Semester | |
|---|---|---|---|
| 1. ਸਮੈਸਟਰਾ ਦੀ ਪੜ੍ਹਾਈ | 15.7.16 ਤੋਂ 18.11.16 ਤੱਕ | 3. ਸਮੈਸਟਰਾ ਦੀ ਪੜ੍ਹਾਈ | 07.1.17 ਤੋਂ 05.5.17 ਤੱਕ |
| 2. ਸਮੈਸਟਰਾ ਦੇ ਇਮਤਿਹਾਨ | 26.11.2016 | 4. ਸਮੈਸਟਰਾ ਦੇ ਇਮਤਿਹਾਨ | 13.5.17 |

**ਫਿਜ਼ੀਕਲ ਐਜੂਕੇਸ਼ਨ ਕੋਰਸਾਂ ਦੇ ਦਾਖਲੇ ਸਬੰਧਤ ਕਾਲਜਾਂ ਵੱਲੋਂ ਆਪਣੇ ਪੱਧਰ ਤੇ ਕਰਵਾਏ ਜਾਣਗੇ। ਇਸ ਲਈ ਸਬੰਧਤ ਕਾਲਜਾਂ ਵੱਲੋਂ ਇਨ੍ਹਾਂ ਸਬੰਧੀ ਲਏ ਜਾਣ ਵਾਲੇ ਐਫੀਸੈਂਸੀ ਟੈਸਟ ਦਾਖਲਿਆਂ ਦੇ ਸ਼ਡਿਊਲ ਤੋਂ 15 ਦਿਨ ਪਹਿਲਾਂ ਆਪਣੇ ਪੱਧਰ ਤੇ ਕਰਵਾਏ ਜਾਣਗੇ। ਇਹ ਸਪੱਸ਼ਟ ਹੈ ਕਿ ਫਿਜ਼ੀਕਲ ਐਜੂਕੇਸ਼ਨ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੇ ਆਧਾਰ ਤੇ ਹੀ ਹੁੰਦੇ ਹਨ ਇਸ ਲਈ ਇਹ ਟੈਸਟ ਉਨ੍ਹਾਂ ਵੱਲੋਂ ਨਾਮਜ਼ਦ ਕੀਤੇ ਕੋ-ਆਰਡੀਨੇਟਰ ਵੱਲੋਂ ਨਿਰਧਾਰਤ ਸ਼ਡਿਊਲ ਅਨੁਸਾਰ ਟੈਸਟ/ਦਾਖਲੇ ਕੀਤੇ ਜਾਣਗੇ।**

## ਜਰੂਰੀ ਹਦਾਇਤਾਂ:-

1. **10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕੇਵਲ ਬੀ.ਏ ਸਮੈਸਟਰ ਪਹਿਲਾ ਵਿੱਚ ਆਰਜੀ ਦਾਖਲਾ ਇਸ ਸ਼ਰਤ ਤੇ ਦਿੱਤਾ ਜਾਵੇਗਾ ਕਿ ਵਿਦਿਆਰਥੀ ਪਹਿਲੇ ਸਮੈਸਟਰ ਦੀ ਪ੍ਰੀਖਿਆ ਦੇਣ ਤੋਂ ਪਹਿਲਾਂ ਪਹਿਲਾਂ 10+2 ਦੀ ਪ੍ਰੀਖਿਆ ਪਾਸ ਕਰੇਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਖਲਾ ਰੱਦ ਸਮਝਿਆ ਜਾਵੇਗਾ।ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਬੀ.ਏ ਕੋਰਸ ਤੋਂ ਬਿਨ੍ਹਾਂ ਕਿਸੇ ਵੀ ਹੋਰ ਕੋਰਸ/ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।ਰਜਿਸਟ੍ਰੇਸ਼ਨ ਰਿਟਰਨ ਭਰਨ ਦੀ ਆਖਰੀ ਮਿਤੀ ਸਮੈਸਟਰ ਪ੍ਰਣਾਲੀ ਲਈ 14-9-2016 ਅਤੇ ਸਲਾਨਾ ਪ੍ਰਣਾਲੀ ਅਧੀਨ 28/10/2016 ਹੋਵੇਗੀ।**

2. **ਬੀ.ਏ ਸਮੈਸਟਰ ਪਹਿਲਾ ਵਿੱਚ ਇੱਕ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ-2 ਹੀ ਬਦਲਣ ਦੀ ਸੁਵਿਧਾ ਹੋਵੇਗੀ।ਇਸ ਉਪਰੰਤ ਬੀ.ਏ ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।**

3. (i) ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ ਲਾਜ਼ਮੀ(ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ:-
   a) ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ/10+2 ਦੀ ਪ੍ਰੀਖਿਆਂ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ ਅਤੇ ਪੰਜਾਬੀ ਦਾ ਵਿਸ਼ਾ ਨਾ ਪੜ੍ਹਿਆ ਹੋਵੇ।
   b) ਡਿਫੈਂਸ ਪਰਸੋਨਲ/ ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਸਵੈ ਘੋਸ਼ਣਾ ਪੱਤਰ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ ਹੈ।

ਪਰੇ ਸੀ...